ਪੰਜਾਬ ਪੁਲਿਸ ਵਿੱਚ ਸਿਪਾਹੀ ਤੋਂ ਇੰਸਪੈਕਟਰ ਰੈਂਕ ਤੱਕ ਰਿਕਾਰਡ 4500 ਤਰੱਕੀਆਂ

ਚੰਡੀਗੜ੍ਹ 15 ਜੂਨ (ਅ.ਬ.)-ਪੰਜਾਬ ਪੁਲਿਸ ਵਲੋਂ ਸਿਪਾਹੀ ਤੋਂ ਇੰਸਪੈਕਟਰ ਰੈਂਕ ਤੱਕ ਰਿਕਾਰਡ 4500 ਤਰੱਕੀਆਂ ਕੀਤੇ ਜਾਣ ਨਾਲ ਜਿਥੇ ਫੋਰਸ ਅੰਦਰ ਵੱਖ ਵੱਖ ਪੱਧਰਾ ਤੇ ਆਈ ਖੜੋਤ ਖ਼ਤਮ ਹੋਈ ਹੈ ਉਥੇ ਇਸ ਨਾਲ ਫੋਰਸ ਦੇ ਮਨੋਬਲ ਵਿੱਚ ਵੀ ਭਾਰੀ ਵਾਧਾ ਦੇਖਣ ਵਿੱਚ ਆ ਰਿਹਾ ਹੈ। ਪੰਜਾਬ ਦੇ ਡੀ.ਜੀ.ਪੀ ਸ਼੍ਰੀ ਪੀ.ਐਸ.ਗਿੱਲ ਨੇ ਦੱਸਿਆ ਹੈ ਕਿ ਇਹ 4500 ਤਰੱਕੀਆਂ ਪੰਜਾਬ ਦੇ ਉਪ ਮੁੱਖ ਮੰਤਰੀ ਸ: ਸੁਖਬੀਰ ਸਿੰਘ ਬਾਦਲ ਦੇ ਨਿਰਦੇਸ਼ਾ ਦਾ ਨਤੀਜਾ ਹਨ, ਕਿਉਂਕਿ ਉਨ੍ਹਾਂ ਵਲੋਂ ਇਹ ਸਪੱਸ਼ਟ ਹਦਾਇਤਾ ਕੀਤੀਆਂ ਗਈਆਂ ਸਨ ਕਿ ਫੋਰਸ ਦੇ ਮਨੋਬਲ ਨੂੰ ਪ੍ਰਭਾਵਿਤ ਕਰਦਿਆਂ ਕਾਰਨਾ ਦੀ ਸ਼ਨਾਖਤ ਕਰਕੇ ਉਨ੍ਹਾਂ ਨੂੰ ਸੁਚੱਜੇ ਢੰਗ ਨਾਲ ਹੱਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸਮੇਂ ਸਿਰ ਤਰੱਕੀਆਂ ਨਾ ਮਿਲਣ ਦੀ ਮੁੱਖ ਵਜ੍ਹਾਂ ਸੀਨੀਆਰਤਾ ਸੂਚੀਆਂ ਦਾ ਮੁਕੰਮਲ ਨਾ ਹੋਣਾ ਸੀ। ਉਨ੍ਹਾਂ ਦੱਸਿਆ ਕਿ ਇਸ ਸਬੰਧ ਵਿੱਚ ਇਕ ਵਿਸ਼ੇਸ ਸੈਲ ਦਾ ਗਠਨ ਕਰਕੇ ਅਮਲਾ, ਕਾਨੂੰਨੀ ਮਸ਼ੀਰ ਅਤੇ ਐਡਵੋਕੇਟ ਜਨਰਲ ਦਫ਼ਤਰ ਨਾਲ ਪੂਰਨ ਤਾਲਮੇਲ ਕਰਦਿਆਂ ਇਹ ਵਿਸ਼ਾਲ ਕਾਰਜ ਨੇਪਰੇ ਚਾੜਿਆਂ ਜਾ ਸਕਿਆ ਹੈ। ਉਨ੍ਹਾਂ ਦੱਸਿਆ ਕਿ ਨੇੜ ਭਵਿੱਖ ਵਿੱਚ ਹੋਰ ਵੀ ਤਰੱਕੀਆਂ ਕੀਤੀਆਂ ਜਾਣਗੀਆਂ। ਮਪੁਲਿਸ ਮੁਖੀ ਨੇ ਦੱਸਿਆ ਕਿ 1 ਜਨਵਰੀ, 2010 ਤੋਂ 31 ਮਈ ਤੱਕ ਭਾਵ 5 ਮਹੀਨਿਆਂ ਦੇ ਸੰਖੇਪ ਅਰਸੇ ਦੋਰਾਨ 494 ਸਬ ਇੰਸਪੈਕਟਰਾ ਨੂੰ ਤਰੱਕੀ ਦੇ ਕੇ ਇੰਸਪੈਕਟਰ ਬਣਾਇਆ ਗਿਆ ਹੈ ਜਿਨ੍ਹਾਂ ਵਿਚੋਂ 387 ਤਰੱਕੀਆਂ ਜ਼ਿਲ੍ਹਿਆਂ ਅੰਦਰ ਕਾਰਜਕਾਰੀ ਪੁਲਿਸ ਵਿੱਚ ਕੀਤੀਆਂ ਗਈਆਂ ਹਨ ਜਦੋਂ ਕਿ ਆਰਮਡ ਪੁਲਿਸ ਬਟਾਲੀਅਨਾ ਵਿੱਚ 104 ਸਬ ਇੰਸਪੈਕਟਰਾਂ ਨੂੰ ਇੰਸਪੈਕਟਰ ਵਜੋਂ ਪਦ ਉਨਤ ਕੀਤਾ ਗਿਆ ਹੈ। ਉਨ੍ਹਾਂ ਬਾਅਦ ਵਿੱਚ ਇਹ ਦੱਸਿਆ ਕਿ 835 ਸਹਾਇਕ ਸਬ ਇੰਸਪੈਕਟਰਾ ਨੂੰ ਸਬ ਇੰਸਪੈਕਟਰਾ ਵਜੋਂ, 1046 ਮੁੱਖ ਸਿਪਾਹੀਆਂ ਨੂੰ ਸਹਾਇਕ ਸਬ ਇੰਸਪੈਕਟਰਾਂ ਵਜੋਂ ਅਤੇ 1600 ਸਿਪਾਹੀਆਂ ਨੂੰ ਮੁੱਖ ਸਿਪਾਹੀਆਂ ਵਜੋਂ ਤਰੱਕੀ ਦਿੱਤੀ ਗਈ ਹੈ ਇਸ ਤੋਂ ਇਲਾਵਾ ਸਬ ਇੰਸਪੈਕਟਰ ਤੋਂ ਇੰਸਪੈਕਟਰ ਦੇ ਅਹੁਦੇ ਲਈ 2 ਤਰੱਕੀਆਂ ਕਾਰਜਕਾਰੀ ਕਲੈਰੀਕਲ ਕੇਡਰ ਅਤੇ ਇਕ ਫਿੰਗਰ ਪ੍ਰਿੰਟ ਬਿਊਰੋ ਵਿੱਚ ਕੀਤੀ ਗਈ ਹੈ। ਉਨ੍ਹਾਂ ਤਰੱਕੀ ਹਾਸਲ ਕਰਨ ਵਾਲੇ ਸਮੂਹ ਕਰਮਚਾਰੀਆਂ ਨੂੰ ਸੱਦਾ ਦਿੱਤਾ ਹੈ ਕਿ ਉਹ ਆਪਣੇ ਫ਼ਰਜਾ ਨੂੰ ਹੋਰ ਵਧੇਰੇ ਸਿਦਕ ਦਿਲੀ ਅਤੇ ਤਨਦੇਹੀ ਨਾਲ ਨਿਭਾਉਂਦੇ ਹੋਏ ਸੂਬੇ ਅੰਦਰ ਸੁਚੱਜੀ ਪੁਲਿਸ ਵਿਵਸਥਾ ਪ੍ਰਦਾਨ ਕਰਨ ਵਿੱਚ ਅਹਿਮ ਯੋਗਦਾਨ ਨਿਭਾਉਣ।

ਤਰੱਕੀਆਂ ਫੋਰਸ ਦਾ ਮਨੋਬਲ ਵਧਾਉਣ ਵਿੱਚ ਸਹਾਈ ਹੋਣਗੀਆਂ-ਡੀ.ਜੀ.ਪੀ

ਪੇਂਡੂ ਜਲ ਘਰਾਂ ਵਿੱਚ ਖਾਲੀ ਪਈ ਥਾਂ 'ਤੇ ਵੱਧ ਤੋਂ ਵੱਧ ਰੁੱਖ ਲਗਾਏ ਜਾਣ: ਕੈਂਥ

ਸਾਰੇ ਵਿਭਾਗਾਂ ਦੀਆਂ ਜ਼ਿਲ੍ਹਾ ਪੱਧਰੀ ਸਲਾਹਕਾਰ ਕਮੇਟੀਆਂ ਦੇ ਗੈਰ ਸਰਕਾਰੀ ਮੈਂਬਰਾਂ ਨੂੰ ਸ਼ਨਾਖਤੀ ਕਾਰਡ ਜਾਰੀ ਕੀਤੇ ਜਾਣ

ਐਸ.ਏ.ਐਸ.ਨਗਰ: 15 ਜੂਨ (ਅ.ਬ.)—ਸਾਹਿਬਜ਼ਾਦਾ ਅਜੀਤ ਸਿੰਘ ਨਗਰ ਜ਼ਿਲ੍ਹੇ ਦੇ ਪੇਂਡੂ ਜਲ ਘਰਾਂ ਅਤੇ ਖਾਲੀ ਪਈ ਪੰਚਾਇਤੀ ਜਮੀਨ ਤੇ ਵੱਧ ਤੋਂ ਵੱਧ ਰੁੱਖ ਲਗਾਏ ਜਾਣ ਅਤੇ ਇਸ ਤੋਂ ਇਲਾਵਾ ਜਲ ਘਰਾਂ ਤੇ ਫ਼ਲਦਾਰ ਦਰੱਖਤ ਵੀ ਲਗਾਏ ਜਾਣ ਤਾਂ ਜੋ ਪਿੰਡਾਂ ਦਾ ਵਾਤਾਵਰਣ ਸਵੱਛ ਹੋ ਸਕੇ ਅਤੇ ਦਿਨ ਪ੍ਰਤੀ ਦਿਨ ਵਧ ਰਹੇ ਪ੍ਰਦੂਸਣ ਨੂੰ ਰੋਕਿਆਂ ਜਾ ਸਕੇ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ੍ਰ ਮਹਿੰਦਰ ਸਿੰਘ ਕੈਂਥ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਜਨ ਸਿਹਤ ਵਿਭਾਗ ਦੀ ਜ਼ਿਲ੍ਹਾ ਪੱਧਰੀ ਸਲਾਹਕਾਰ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੀਤਾ ਮੀਟਿੰਗ ਵਿੱਚ ਜਨ ਸਿਹਤ ਵਿਭਾਗ ਦੇ ਅਧਿਕਾਰੀਆਂ ਤੋਂ ਇਲਾਵਾ ਜ਼ਿਲ੍ਹਾ ਪੱਧਰੀ ਸਲਾਹਕਾਰ ਕਮੇਟੀ ਦੇ ਗੈਰ ਸਰਕਾਰੀ ਮੈਂਬਰ ਵੀ ਮੌਜੂਦ ਸਨ। ਸ੍ਰੀ ਕੈਂਥ ਨੇ ਇਸ ਮੌਕੇ ਕਿਹਾ ਕਿ ਪੇਂਡੂ ਜਲ ਘਰ ਸਕੀਮਾਂ ਰਾਹੀਂ ਜੋ ਪਿੰਡਾਂ ਨੂੰ ਪੀਣ ਵਾਲੇ ਸਾਫ਼ ਸੁਥਰੇ ਪਾਣੀ ਦੀ ਸਪਲਾਈ ਮੁਹੱਈਆ ਕਰਵਾਈ ਜਾਂਦੀ ਹੈ। ਕਈ ਵਾਰ ਅਣਗਿਹਲੀ ਕਾਰਨ ਪਿੰਡਾਂ ਦੀਆਂ ਟੂਟੀਆਂ ਰਾਹੀਂ ਪਾਣੀ ਅਜਾਈ ਜਾਂਦਾ ਰਹਿੰਦਾ ਹੈ ਅਤੇ ਪਾਣੀ ਦੀ ਸਹੀਂ ਵਰਤੋਂ ਨਹੀਂ ਕੀਤੀ ਜਾਂਦੀ ਅਤੇ ਪਾਣੀ ਦੀ ਦੁਰਵਰਤੋਂ ਕੀਤੀ ਜਾਂਦੀ ਹੈ ਉਹਨਾਂ ਕਿਹਾ ਕਿ ਸਲਾਹਕਾਰ ਕਮੇਟੀਆਂ ਦੇ ਮੈਂਬਰਾਂ ਅਤੇ ਪੰਚਾਇਤਾਂ ਨੂੰ ਚਾਹੀਦਾ ਹੈ ਕਿ ਉਹ ਪਿੰਡ ਵਾਸੀਆਂ ਨੂੰ ਪਾਣੀ ਦੀ ਵਰਤੋਂ ਸੰਜਮ ਨਾਲ ਕਰਨ ਲਈ ਜਾਗਰੂਕ ਕਰਨ ਕਿਉਂਕਿ ਸਾਡੀ ਧਰਤੀ ਹੇਠਲੇ ਪਾਣੀ ਦਾ ਪੱਧਰ ਦਿਨ ਪ੍ਰਤੀ ਦਿਨ ਨੀਵਾਂ ਹੁੰਦਾ ਜਾ ਰਿਹਾ ਹੈ। ਜੇਕਰ ਅਸੀਂ ਪਾਣੀ ਦੀ ਦੁਰਵਰਤੋਂ ਕਰਦੇ ਰਹੇ ਅਤੇ ਇਸ ਨੂੰ ਸੰਜਮ ਨਾਲ ਨਾ ਵਰਤਿਆਂ ਤਾਂ ਆਉਣ ਵਾਲੇ ਸਮੇਂ ਵਿੱਚ ਸਾਨੂੰ ਗੰਭੀਰ ਸਿੱਟੇ ਭੁਗਤਣੇ ਪੈ ਸਕਦੇ ਹਨ। ਸ੍ਰੀ ਕੈਂਥ ਨੇ ਇਸ ਮੌਕੇ ਜ਼ਿਲ੍ਹੇ ਦੇ ਵੱਖ ਵੱਖ ਵਿਭਾਗਾਂ ਦੇ ਉੱਚ ਅਧਿਕਾਰੀਆਂ ਨੂੰ ਹਦਾਇਤਾਂ ਦਿੱਤੀਆਂ ਕਿ ਵੱਖ ਵੱਖ ਵਿਭਾਗਾਂ ਦੀਆਂ ਜ਼ਿਲ੍ਹਾ ਪੱਧਰੀ ਸਲਾਹਕਾਰ ਕਮੇਟੀਆਂ ਦੇ ਗੈਰ ਸਰਕਾਰੀ ਮੈਂਬਰ ਜਿਨ੍ਹਾਂ ਦੇ ਅਜੇ ਤੱਕ ਸਨਾਖਤੀ ਕਾਰਡ ਨਹੀਂ ਬਣੇ ਉਹਨਾਂ ਦੇ ਤੁਰੰਤ ਸਨਾਖਤੀ ਕਾਰਡ ਬਣਾਏ ਜਾਣਗੇ। ਉਹਨਾਂ ਜ਼ਿਲ੍ਹਾ ਪੱਧਰੀ ਕਮੇਟੀਆਂ ਦੇ ਕਨਵੀਨਰਾਂ ਨੂੰ ਸਾਰੇ ਮੈਂਬਰਾਂ ਦੀਆਂ ਫੋਟੋਆਂ ਵਿਭਾਗਾਂ ਦੇ ਮੁਖੀਆਂ ਕੋਲ ਪਹੁੰਚਾਉਣ ਦੀ ਅਪੀਲ ਕੀਤੀ ਤਾਂ ਜੋ ਤੁਰੰਤ ਸਨਾਖਤੀ ਕਾਰਡ ਬਣਾ ਕੇ ਦਿੱਤੇ ਜਾ ਸਕਣ। ਇਸ ਮੌਕੇ ਸ੍ਰੀ ਕੈਂਥ ਨੇ ਜ਼ਿਲ੍ਹਾ ਪੱਧਰੀ ਜਨ ਸਿਹਤ ਵਿਭਾਗ ਦੀ ਕਮੇਟੀ ਦੇ ਗੈਰ ਸਰਕਾਰੀ ਮੈਂਬਰਾਂ ਤੋਂ ਪਿੰਡਾਂ ਵਿੱਚ ਪੇਂਡੂ ਜਲ ਘਰਾਂ ਤੋਂ ਹੋਣ ਵਾਲੀ ਪੀਣ ਵਾਲੇ ਪਾਣੀ ਦੀ ਸਪਲਾਈ ਬਾਰੇ ਵੀ ਵਿਸਥਾਰ ਪੂਰਵਕ ਚਰਚਾ ਕੀਤੀ। ਇਸ ਮੌਕੇ ਕਮੇਟੀ ਦੇ ਮੈਂਬਰ ਨੇ ਦੱਸਿਆ ਕਿ ਪਿੰਡ ਕੌਲੀ ਅਤੇ ਸਿੰਘਾਪੁਰ ਨੂੰ ਪੀਣ ਵਾਲੇ ਪਾਣੀ ਦੀ ਸਮੱਸਿਆ ਆਉਂਦੀ ਹੈ ਪਿੰਡ ਵੱਲੋਂ ਵੱਖਰੀ ਸਕੀਮ ਲਗਾਉਣ ਲਈ ਪੈਸੇ ਭਰ ਦਿੱਤੇ ਹਨ ਅਤੇ ਮੰਗ ਕੀਤੀ ਕਿ ਪਿੰਡ ਵਿਖੇ ਜਲਦੀ ਤੋਂ ਜਲਦੀ ਵੱਖਰੀ ਪੇਂਡੂ ਜਲ ਸਪਲਾਈ ਸਕੀਮ ਲਗਾਉਣ ਦਾ ਕੰਮ ਸ਼ੁਰੂ ਕਰਵਾਇਆ ਜਾਵੇ। ਇਸ ਮੌਕੇ ਨਗਰ ਕੌਂਸਲ ਐਸ.ਏ.ਐਸ. ਨਗਰ ਦੇ ਮੀਤ ਪ੍ਰਧਾਨ ਸ੍ਰੀ ਹਰਪਾਲ ਚੰਨਾ ਅਤੇ ਸ੍ਰੀ ਪਰਮਿੰਦਰ ਸਿੰਘ ਸਰਪੰਚ ਸੋਹਾਣਾ ਤੋਂ ਇਲਾਵਾ ਹੋਰ ਮੈਂਬਰ ਵੀ ਮੌਜੂਦ ਸਨ। ਇਸ ਤੋਂ ਉਪਰੰਤ ਸ੍ਰੀ ਕੈਂਥ ਨੇ ਕਰ ਤੇ ਆਬਕਾਰੀ ਵਿਭਾਗ , ਪੁਲਿਸ ਵਿਭਾਗ, ਸਿੱਖਿਆ ਵਿਭਾਗ, ਸਿਹਤ ਸੇਵਾਵਾਂ , ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਅਤੇ ਸਮਾਜਿਕ ਸੁਰੱਖਿਆ ਵਿਭਾਗ, ਬਿਜਲੀ ਵਿਭਾਗ, ਖੁਰਾਕ ਤੇ ਸਿਵਲ ਸਪਲਾਈ ਵਿਭਾਗ, ਸਿੰਚਾਈ ਵਿਭਾਗ ਅਤੇ ਅਰਬਨ ਇਨਫਰਾਸਟਰਕਚਰ ਅਤੇ ਮਿਊਂਸਪਲ ਅਮੈਨਟੀਜ਼ ਵਿਭਾਗ ਦੀਆਂ ਜ਼ਿਲ੍ਹਾ ਪੱਧਰੀ ਸਲਾਹਕਾਰ ਕਮੇਟੀਆਂ ਦੀਆਂ ਮੀਟਿੰਗਾਂ ਦੀ ਪ੍ਰਧਾਨਗੀ ਵੀ ਕੀਤੀ ਜਿਸ ਵਿੱਚ ਸਰਕਾਰੀ ਅਤੇ ਗੈਰ ਸਰਕਾਰੀ ਮੈਂਬਰ ਵੀ ਮੌਜੂਦ ਸਨ।

ਮਹਿੰਦਰ ਸਿੰਘ ਕੈਂਥ ਵਧੀਕ ਡਿਪਟੀ ਕਮਿਸ਼ਨਰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਐਸ.ਏ.ਐਸ. ਨਗਰ ਵਿਖੇ ਜਨ ਸਿਹਤ ਵਿਭਾਗ ਦੀ ਜ਼ਿਲ੍ਹਾ ਪੱਧਰੀ ਸਲਾਹਕਾਰ ਕਮੇਟੀ ਦੀ ਮੀਟਿੰਗ ਨੂੰ ਸੰਬੋਧਨ ਕਰਦੇ ਹੋਏ।

ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ ਚੰਦ ਪੁਰਾਣਾ ਵਿਖੇ ਰਾਸ਼ਨ ਤਕਸੀਮ ਕਰਦੇ ਹੋਏ ਮੁੱਖ ਸੇਵਾਦਾਰ ਸੰਤ ਬਾਬਾ ਨਛੱਤਰ ਸਿੰਘ ਅਤੇ ਉਨ੍ਹਾਂ ਦੇ ਨਾਲ ਖੜ੍ਹੇ ਹਨ ਗੁਰਦੀਪ ਸਿੰਘ ਅਤੇ ਹੋਰ ਸੇਵਾਦਾਰ।

ਲੋੜਵੰਦਾਂ ਦੀ ਮੱਦਦ ਕਰਨਾ ਹੀ ਸਾਡਾ ਮੁੱਖ ਮੰਤਵ: ਸੰਤ ਬਾਬਾ ਨਛੱਤਰ ਸਿੰਘ

ਬਾਘਾ ਪੁਰਾਣਾ, 15 ਜੂਨ (ਅ.ਬ.) ਮਾਲਵੇ ਦੇ ਪ੍ਰਸਿੱਧ ਧਾਰਮਿਕ ਅਸਥਾਨ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਜੀ ਚੰਦ ਪੁਰਾਣਾ ਦੇ ਮੁੱਖ ਸੇਵਾਦਾਰ ਸੰਤ ਬਾਬਾ ਨਛੱਤਰ ਸਿੰਘ ਦੀ ਰਹਿਨੁਮਾਈ ਹੇਠ ਸੰਗਰਾਂਦ ਦਾ ਪਵਿੱਤਰ ਦਿਹਾੜਾ ਧੂਮ-ਧਾਮ ਨਾਲ ਮਨਾਇਆ ਗਿਆ ਅਤੇ ਸਹਿਜ ਪਾਠ ਦਾ ਭੋਗ ਵੀ ਪਾਇਆ ਗਿਆ। ਇਸ ਪਵਿੱਤਰ ਦਿਹਾੜੇ 'ਤੇ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਨੇ ਪਵਿੱਤਰ ਸਰੋਵਰ 'ਚ ਇਸ਼ਨਾਨ ਕੀਤਾ ਅਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਨਤਮਸਤਕ ਹੋਏ। ਇਸ ਪਵਿੱਤਰ ਦਿਹਾੜੇ ਤੇ ਸੰਤ ਬਾਬਾ ਨਛੱਤਰ ਸਿੰਘ ਜੀ ਵੱਲੋਂ ਗਰੀਬਾਂ, ਬੇਸਹਾਰਾ, ਲੋੜਵੰਦਾਂ ਅਤੇ ਵਿਧਵਾਵਾਂ ਨੂੰ ਰਾਸ਼ਨ ਵੰਡਣ ਦੀ ਲੜੀ ਤਹਿਤ ਗੁਰਦੁਆਰਾ ਸਾਹਿਬ ਵਿਖੇ ਕਰੀਬ 350 ਪਰਿਵਾਰਾਂ ਨੂੰ ਰਾਸ਼ਨ ਵੀ ਤਕਸੀਮ ਕੀਤਾ ਗਿਆ ਅਤੇ ਫੁੱਲਾਂ ਦੇ ਗੁਲਦਸਤੇ ਵੀ ਗਰੀਬ ਔਰਤਾਂ ਨੂੰ ਭੇਟ ਕੀਤੇ ਗਏ। ਇਸ ਮੌਕੇ

350 ਪਰਿਵਾਰਾਂ ਨੂੰ ਕੀਤਾ ਰਾਸ਼ਨ ਤਕਸੀਮ

ਰਾਸ਼ਨ ਵੰਡਣ ਦੀ ਰਸਮ ਮੁੱਖ ਸੇਵਾਦਾਰ ਸੰਤ ਬਾਬਾ ਨਛੱਤਰ ਸਿੰਘ ਨੇ ਆਪਣੇ ਕਰ ਕਮਲਾ ਨਿਭਾਈ। ਇਸ ਮੌਕੇ ਸੰਗਤਾਂ ਨੂੰ ਸੰਬੋਧਨ ਕਰਦਿਆ ਸੰਤ ਬਾਬਾ ਨਛੱਤਰ ਸਿੰਘ ਨੇ ਕਿਹਾ ਕਿ ਗਰੀਬਾਂ, ਬੇਸਹਾਰਾ, ਵਿਧਵਾਵਾਂ ਅਤੇ ਲੋੜਵੰਦਾਂ ਦੀ ਮੱਦਦ ਕਰਨਾ ਹੀ ਸਾਡਾ ਮੁੱਖ ਮੰਤਵ ਹੈ। ਉਨ੍ਹਾਂ ਕਿਹਾ ਕਿ ਰਾਸ਼ਨ ਵੰਡਣ ਦੀ ਲੜੀ ਪਿਛਲੇ 5 ਸਾਲਾਂ ਤੋਂ ਲਗਾਤਾਰ ਚੱਲਦੀ ਆ ਰਹੀ ਹੈ ਅਤੇ ਇਹ ਲੜੀ ਇਸੇ ਤਰ੍ਹਾ ਹੀ ਚੱਲਦੀ ਰਹੇਗੀ। ਉਨ੍ਹਾਂ ਕਿਹਾ ਕਿ ਇਸੇ ਤਰ੍ਹਾਂ ਹੀ ਯਾਤਰੀਆਂ ਵਾਸਤੇ ਗੁਰਦੁਆਰਾ ਸਾਹਿਬ ਵਿਖੇ ਲੰਗਰ ਵੀ 24 ਘੰਟੇ ਚੱਲਦਾ ਰਹਿੰਦਾ ਹੈ। ਇਸ ਮੌਕੇ ਬਿਰਧ ਆਸ਼ਰਮ ਸੇਵਾ ਸੁਸਾਇਟੀ ਦੇ ਪ੍ਰਧਾਨ ਗੁਰਦੀਪ ਸਿੰਘ, ਗਿਆਨੀ ਇਕਬਾਲ ਸਿੰਘ ਲੰਗੇਆਣਾ, ਗੋਪੀ ਜਨੇਰ, ਸਰਬਜੀਤ ਸਿੰਘ, ਬਹਾਦਰ ਸਿੰਘ, ਬਿੱਲਾ ਸਿੰਘ, ਡਾ. ਅਵਤਾਰ ਸਿੰਘ, ਦਰਸ਼ਨ ਸਿੰਘ ਡਰੋਲੀ ਭਾਈ, ਮੇਜਰ ਸਿੰਘ, ਸੁਰਜੀਤ ਸਿੰਘ ਆਦਿ ਹਾਜ਼ਰ ਸਨ।

ਨੰਗਲ ਟਾਊਨਸ਼ਿਪ ਕਲੋਨੀ ਦੀ ਮੁਰੰਮਤ ਲਈ ਕਰਮਚਾਰੀ ਭਰਤੀ ਕੀਤੇ ਜਾਣ-ਪਰਸ਼ੋਤਮ ਸਿੰਘ

ਨੰਗਲ 15 ਜੂਨ (ਗੁਰਵਿੰਦਰ ਸਿੰਘ ਜੰਡੀਰ) ਭਾਰਤੀ ਜਨਤਾ ਪਾਰਟੀ ਦੇ ਸੀਨੀਅਰ ਆਗੂ ਪਰਸ਼ੋਤਮ ਸਿੰਘ ਨੇ ਚੇਅਰਮੈਨ ਬੀ.ਬੀ.ਐਮ.ਬੀ. ਤੋਂ ਮੰਗ ਕੀਤੀ ਹੈ ਕਿ ਨੰਗਲ ਟਾਊਨ ਸ਼ਿਪ ਕਲੋਨੀ ਦੀ ਮੁਰੰਮਤ ਕਰਨ ਲਈ ਕਰਮਚਾਰੀਆਂ ਦੀ ਭਰਤੀ ਕੀਤੀ ਜਾਵੇ। ਉਹਨਾਂ ਨੇ ਆਖਿਆ ਕਿ ਕਰਮਚਾਰੀਆਂ ਦੇ ਜਿਨ੍ਹਾਂ ਵਿੱਚ ਮੈਸਨ, ਕਾਰਪੈਂਟਰ, ਪਲੰਬਰ, ਹੈਲਪਰ ਅਤੇ ਸਫਾਈ ਸੇਵਕਾਂ ਦੇ ਰਿਟਾਇਰਡ ਹੋਣ ਦੇ ਕਾਰਨ ਜਿਥੇ ਟਾਊਨ ਸ਼ਿਪ ਦਾ ਕੰਮ ਪ੍ਰਭਾਵਿਤ ਹੋ ਰਿਹਾ ਹੈ ਉਥੇ ਸਰਕਾਰੀ ਮਕਾਨਾ ਦੀ ਹਾਲਤ ਤਰਸਯੋਗ ਬਣੀ ਹੋਈ ਹੈ। ਉਹਨਾਂ ਆਖਿਆ ਕਿ ਉਹ ਜਲਦੀ ਹੀ ਨੰਗਲ ਟਾਊਨ ਸ਼ਿਪ ਕਲੋਨੀ ਦੀ ਤਰਸਯੋਗ ਹਾਲਤ ਸੰਬਧੀ ਚੀਫ ਇੰਜੀਨਿਅਰ ਭਾਖੜਾ ਡੈਮ ਨੂੰ ਮਿਲ ਕੇ ਕਲੋਨੀ ਦਾ ਦੌਰਾ ਕਰਨ ਦੀ ਅਪੀਲ ਕਰਨਗੇ ਤਾਂ ਕਿ ਕਲੋਨੀ ਦੀ ਤਰਸਯੋਗ ਹਾਲਤ ਦਾ ਸੁਧਾਰ ਕੀਤਾ ਜਾ ਸਕੇ। ਉਹਨਾਂ ਨੇ ਚੇਅਰਮੈਨ ਬੀ.ਬੀ.ਐਮ.ਬੀ. ਅਤੇ ਚੀਫ਼ ਇੰਜੀਨਿਅਰ ਭਾਖੜਾ ਡੈਮ ਨੂੰ ਅਪੀਲ ਕੀਤੀ ਕਿ ਜੇਕਰ ਭਾਖੜਾ ਡੈਮ ਪ੍ਰਸ਼ਾਸ਼ਨ ਕਰਮਚਾਰੀਆਂ ਦੀ ਕਮੀਆਂ ਦੇ ਕਾਰਨ ਟਾਊਨ ਸ਼ਿਪ ਕਲੋਨੀ ਦੇ ਮਕਾਨਾਂ ਦੀ ਸਹੀ ਢੰਗ ਨਾਲ ਮੁਰੰਮਤ ਨਹੀਂ ਕਰਵਾ ਸਕਦਾ ਤਾਂ ਚੀਫ਼ ਇੰਜੀਨਿਅਰ ਭਾਖੜਾ ਡੈਮ ਟਾਊਨ ਸ਼ਿਪ ਕਲੋਨੀ ਦੀ ਵਧੀਆ ਢੰਗ ਨਾਲ ਮੁਰੰਮਤ ਕਰਵਾਉਣ ਲਈ ਨਗਰ ਕੌਂਸਲ ਨੰਗਲ ਨੂੰ ਐਨ.ਓ.ਸੀ. ਜਾਰੀ ਕਰਨ ਤਾਂ ਕਿ ਨੰਗਲ ਕੌਂਸਲ ਨੰਗਲ ਟਾਊਨ ਸ਼ਿਪ ਕਲੋਨੀ ਦਾ ਵਧੀਆ ਢੰਗ ਨਾਲ ਸੁਧਾਰ ਕਰ ਸਕੇ।

ਬਠਿੰਡਾ ਸੀਟੂ ਕਾਨਫਰੰਸ ਦੀ ਤਿਆਰੀ

ਤਪਾ ਮੰਡੀ, 15 ਜੂਨ (ਯਾਦੂ ਭੁੱਲਰ)- ਨਜ਼ਦੀਕੀ ਪਿੰਡ ਆਲੀਕੇ ਵਿਖੇ ਕਾਮਰੇਡ ਗੁਲਾਬ ਖਾਂ ਦੀ ਪ੍ਰਧਾਨਗੀ ਹੇਠ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ 12-13 ਜੁਲਾਈ ਨੂੰ ਬਠਿੰਡਾ ਵਿਖੇ ਸੀਟੂ ਦੀ ਕਾਨਫਰੰਸ ਨੂੰ ਕਾਮਯਾਬ ਕਰਨ ਲਈ ਵਿਚਾਰਾਂ ਕੀਤੀਆਂ ਗੀਆਂ। ਇਸ ਮੀਟਿੰਗ ਵਿੱਚ ਬਠਿੰਡਾ ਦੀ ਸਾਥੀ ਮੇਘ ਰਾਜ, ਗੁਰਦੇਵ ਸਿੰਘ ਦਿਆਲਪੁਰਾ, ਗੁਰਦੇਵ ਸਿੰਘ , ਸੱਤਪਾਲ ਭਾਰਤੀ, ਜੀਤ ਸਿੰਘ ਸਾਬਕਾ ਸਰਪੰਚ ਆਲੀਕੇ, ਹਰਨੇਕ ਸਿੰਘ ਆਲੀਕੇ, ਰਣਜੀਤ ਸਿੰਘ ਆਲੀਕੇ ਹਾਜ਼ਰ ਹੋਏ। ਇੱਕ ਮੀਟਿੰਗ ਦੀ ਜਾਣਕਾਰੀ ਦਿੰਦਿਆਂ ਸਾਥੀ ਹਰਨੇਕ ਸਿੰਘ ਨੇ ਦੱਸਿਆ ਕਿ ਸੀਟੂ ਕਾਨਫਰੰਸ ਨੂੰ ਕਾਮਯਾਬ ਕਰਨ ਲਈ ਇਸ ਖਿੱਤੇ 'ਚ ਭਾਰੀ ਉਤਸ਼ਾਹ ਹੈ।

ਬਾਬਾ ਅਜੀਤ ਸਿੰਘ ਜੀ ਦਾ ਬੰਦਾ ਸਿੰਘ ਬਹਾਦਰ ਐਵਾਰਡ ਨਾਲ ਸਨਮਾਨ

ਫਤਿਹਗੜ੍ਹ ਸਾਹਿਬ, 15 ਜੂਨ (ਬਲਜਿੰਦਰ ਸਿੰਘ)- ਹਰੇਕ ਵਿਅਕਤੀ ਨੂੰ ਆਪਣੇ ਧਰਮ ਦੀ ਪਾਲਣਾ ਕਰਦੇ ਹੋਏ ਪ੍ਰਭੂ ਸਿਮਰਨ ਵਿਚ ਧਿਆਨ ਲਗਾਉਣਾ ਚਾਹੀਦਾ ਹੈ। ਪ੍ਰਮਾਤਮਾ ਨੂੰ ਕੇਵਲ ਭਗਤੀ ਨਾਲ ਹੀ ਪਾਇਆ ਜਾ ਸਕਦਾ ਹੈ। ਪ੍ਰਮਾਤਮਾ ਨੂੰ ਪਾਉਣ ਲਈ ਲੋਭ, ਮੋਹ ਅਤੇ ਹੰਕਾਰ ਦਾ ਤਿਆਗ ਕਰਨਾ ਜਰੂਰੀ ਹੈ। ਇਹ ਪ੍ਰਗਟਾਵਾ ਬ੍ਰਹਮ ਗਿਆਨੀ ਸੰਤ ਬਾਬਾ ਅਜੀਤ ਸਿੰਘ ਜੀ ਹੰਸਾਲੀ ਵਾਲਿਆਂ ਨੇ ਕੀਤਾ। ਸਾਬਕਾ ਮੰਤਰੀ ਡਾ. ਹਰਬੰਸ ਲਾਲ ਨੇ ਆਪਣੇ ਸਾਥੀਆਂ ਸਮੇਤ_ਬ੍ਰਹਮ ਗਿਆਨੀ ਸੰਤ ਬਾਬਾ ਅਜੀਤ ਸਿੰਘ ਜੀ ਹੰਸਾਲੀ ਵਾਲਿਆਂ ਨੂੰ ਬਾਬਾ ਬੰਦਾ ਸਿੰਘ ਜੀ ਬਹਾਦਰ ਐਵਾਰਡ ਨਾਲ ਸਨਮਾਨਿਤ ਕੀਤਾ। ਡਾ. ਹਰਬੰਸ ਲਾਲ ਨੇ ਦੱਸਿਆ ਕਿ ਬਾਬਾ ਜੀ ਵੱਲੋਂ ਸਮਾਜ ਸੇਵਾ ਦੇ ਕੰਮਾਂ ਵਿਚ ਵੱਡਮੁੱਲਾ ਯੋਗਦਾਨ ਪਾਇਆ ਜਾਂਦਾ ਹੈ। ਬਾਬਾ ਜੀ ਮੈਡੀਕਲ ਕੈਂਪ, ਜ਼ਰੂਰਤਮੰਦ ਲੜਕੀਆਂ ਦੇ ਵਿਆਹ, ਗਰਮੀਆਂ ਵਿਚ ਠੰਡੇ ਪਾਣੀ ਦੀਆਂ ਛਬੀਲਾ, ਸਕੂਲੀ ਬੱਚਿਆਂ ਦੀ ਸਮੇਂ ਸਮੇਂ 'ਤੇ ਮਦਦ ਕਰਨਾ ਆਦਿ ਸਮਾਜ ਭਲਾਈ ਦੇ ਕੰਮ ਕਰਦੇ ਹਨ। ਫਤਿਹਗੜ੍ਹ ਸਾਹਿਬ ਜ਼ਿਲੇ ਵਿਚ ਬਾਬਾ ਜੀ ਵੱਲੋਂ ਕੀਤੇ ਜਾ ਰਹੇ ਸਮਾਜ ਭਲਾਈ ਦੇ ਕੰਮਾਂ ਦੀ ਤਰ੍ਹਾਂ ਸਰਕਾਰਾਂ ਨੂੰ ਵੀ ਸਮਾਜ ਭਲਾਈ ਦੇ ਕੰਮ ਕਰਨੇ ਚਾਹੀਦੇ ਹਨ। ਇਸ ਮੌਕੇ ਜ਼ਿਲਾ ਯੂਥ ਕਾਂਗਰਸ ਦੇ ਪ੍ਰਧਾਨ ਸੰਦੀਪ ਵਰਮਾ, ਸੇਵਾਦਾਰ ਪਰਮਜੀਤ ਸਿੰਘ, ਸਾਧੂ ਰਾਮ ਭੱਟਮਾਜਰਾ ਪ੍ਰਧਾਨ ਬਲਾਕ ਕਾਂਗਰਸ ਸਰਹਿੰਦ, ਮਨਪ੍ਰੀਤ ਸਿੰਘ ਬੱਬੂ ਖਾਨਪੁਰ, ਜਗਜੀਤ ਸਿੰਘ ਕੋਕੀ, ਗੁਰਜੰਟ ਸਿੰਘ ਭਮਾਰਸੀ, ਗੁਲਜ਼ਾਰ ਸਿੰਘ ਰਜਿੰਦਰਗੜ੍ਹ ਪ੍ਰਧਾਨ ਬਲਾਕ ਯੂਥ ਕਾਂਗਰਸ ਖੇੜਾ, ਜਸਵੀਰ ਸਿੰਘ ਸਰਪੰਚ ਰਜਿੰਦਰਗੜ੍ਹ, ਬਲਜੀਤ ਸਿੰਘ ਕਸੂੰਬੜੀ, ਵਿਪਨ ਵਰਮਾ, ਗੁਰਸ਼ਰਨ ਸਿੰਘ ਤਰਖਾਣਮਾਜਰਾ, ਰਣਜੀਤ ਸਿੰਘ ਤਰਖਾਣਮਾਜਰਾ, ਜਗਜੀਤ ਸਿੰਘ ਨਾਗਰਾ ਪ੍ਰਧਾਨ ਬਲਾਕ ਬੱਸੀ ਪਠਾਣਾਂ, ਰਣਧੀਰ ਸਿੰਘ ਝਾਮਪੁਰ ਜ਼ਿਲਾ ਚੀਫ ਕਾਂਗਰਸ ਸੇਵਾ ਦਲ ਆਦਿ ਹਾਜ਼ਰ ਸਨ।

ਸਾਬਕਾ ਮੰਤਰੀ ਡਾ. ਹਰਬੰਸ ਲਾਲ ਆਪਣੇ ਸਾਥੀਆਂ ਸਮੇਤ ਬ੍ਰਹਮ ਗਿਆਨੀ ਸੰਤ ਬਾਬਾ ਅਜੀਤ ਸਿੰਘ ਜੀ ਹੰਸਾਲੀ ਵਾਲਿਆਂ ਨੂੰ ਬਾਬਾ ਬੰਦਾ ਸਿੰਘ ਜੀ ਬਹਾਦਰ ਐਵਾਰਡ ਨਾਲ ਸਨਮਾਨਿਤ ਕਰਦੇ ਹੋਏ।

ਵਿਸ਼ਾਲ ਖੂਨਦਾਨ ਕੈਂਪ ਦਾ ਆਯੋਜਨ

ਖੰਨਾ, 15 ਜੂਨ (ਪਵਨ ਗੋਇਲ)- ਅੱਜ ਵਿਸ਼ਵ ਖੂਨਦਾਨ ਦਿਵਸ ਦੇ ਮੌਕੇ ਤੇ ਪਿਛਲੇ 7 ਸਾਲਾ ਦੀ ਪ੍ਰੰਮਪਰਾ ਨੂੰ ਅੱਗੇ ਵਧਾਉਂਦੇ ਹੋਏ ਸ਼ਹਿਰ ਦੇ ਪ੍ਰਸਿੱਧ ਉਦਯੋਗਪਤੀ, ਦਾਨੀ ਪੁਰਸ ਅਤੇ ਸਰਪੰਚ ਯਾਦਵਿੰਦਰ ਸਿੰਘ ਯਾਦੂ ਦੀ ਅਗਵਾਈ ਹੇਠ ਸਥਾਨਕ ਏਸ਼ੀਆ ਦੀ ਸਭ ਤੋਂ ਵੱਡੀ ਅਨਾਜ ਮੰਡੀ ਖੰਨਾ ਵਿਖੇ ਵਿਸ਼ਾਲ ਖੂਨਦਾਨ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਯਾਦਵਿੰਦਰ ਸਿੰਘ ਯਾਦੂ ਨੇ ਦੱਸਿਆ ਕਿ ਸਿਵਲ ਹਸਪਤਾਲ ਅਤੇ ਆਸ ਪਾਸ ਦੇ ਨਰਸਿੰਗ ਹੋਮਾਂ 'ਚ ਵੱਧਦੀ ਖੂਨ ਦੀ ਮੰਗ ਦੇ ਸਿੱਟੇ ਵਜੋਂ ਲੋਕਾਂ ਨੂੰ ਜਰੂਰਤ ਪੈਣ ਤੇ ਖੂਨ ਦੇ ਲਈ ਕਈ ਵਾਰ ਭੱਜ ਦੌੜ ਕਰਨੀ ਪੈਂਦੀ ਸੀ ਜਿਸਨੂੰ ਦੇਖਦੇ ਹੋਏ ਅਸੀਂ ਨੇ ਇਸ ਵਾਰ ਇਹ ਸਾਰਾ ਖੂਨ ਜਰੂਰਤਮੰਦ ਲੋਕਾਂ ਦੇ ਲਈ ਦੇਣ ਦਾ ਮੰਨ ਬਣਾਉਂਦੇ ਹੋਏ 85 ਯੂਨਿਟ ਸਿਵਲ ਹਸਪਤਾਲ ਨੂੰ ਖੂਨ ਦਿੱਤਾ ਹੈ। ਉਨ੍ਹਾ ਅੱਗੇ ਦੱਸਿਆ ਕਿ ਭਵਿੱਖ 'ਚ ਵੀ ਸਾਡੇ ਵਲੋਂ ਇਸੇ ਪ੍ਰਕਾਰ ਪਿੰਡਾ ਦੇ ਜ਼ਰੂਰਤਮੰਦ ਲੋਕਾਂ ਦੇ ਲਈ ਖੂਨਦਾਨ ਕੈਂਪ ਲਗਾਇਆ ਜਾਵੇਗਾ। ਹੋਰਨਾਂ ਤੋਂ ਇਲਾਵਾ ਇਸ ਮੌਕੇ ਤੇ ਇੰਦਰਜੀਤ ਸਿੰਘ ਬਰਵਾਲੀਪੁਰ, ਮਨਮਿੰਦਰ ਸਿੰਘ ਮਿੰਦੀ ਸਰਪੰਚ, ਬਲਜੀਤ ਸਿੰਘ ਭੂਲਰ, ਸਰਬਜੀਤ ਸਿੰਘ ਸੀ.ਆਰ., ਖੁਸ਼ਦੇਵ ਸਿੰਘ ਕੌਂਸਿਲ, ਜਗਦੀਪ ਸਿੰਘ ਸਰਪੰਚ, ਗੁਰਮੀਤ ਸਿੰਘ ਸਰਪੰਚ, ਤੇਜਿੰਦਰ ਸਿੰਘ ਇਕੋਲਾਹਾ, ਜਗਪਾਲ ਸਿੰਘ ਯੋਗੀ ਸਰਪੰਚ, ਗੋਤਮ ਸ਼ਰਮਾ, ਤ੍ਰਿਲੋਚਨ ਸਿੰਘ, ਮਨਜੀਤ ਸਿੰਘ, ਕਾਲਾ ਪਾਇਲ, ਸੁੱਖਾ ਕਰੋਦਿਆ, ਚਰਨਜੀਤ ਸਿੰਘ, ਬਲਕਾਰ ਸਿੰਘ ਆਦਿ ਵੀ ਹਾਜ਼ਰ ਸਨ

ਲਗਾਏ ਗਏ ਵਿਸ਼ਾਲ ਖੂਨਦਾਨ ਕੈਂਪ ਦਾ ਦ੍ਰਿਸ਼। ਫੋਟੋ:ਪਵਨ ਗੋਇਲ

ਵਿਰਾਸਤੀ ਸ਼ਹਿਰਾਂ ਦੇ ਨਵੀਨੀਕਰਨ ਲਈ ਸਾਂਝੀ ਨੀਤੀ ਘੜਨ ਹਿੱਤ ਚੀਨ ਦੇ ਸ਼ਹਿਰ ਸੂਜੋਹ ਵਿਖੇ ਵਿਸ਼ੇਸ਼ ਸਮਾਗਮ

ਸੂਜੋਹ ਸ਼ਹਿਰ ਦੇ ਮੇਅਰ ਸ੍ਰੀ ਯਾਨ ਲੀ, ਪੁਡੂਚੇਰੀ ਦੇ ਉਪ ਰਾਜਪਾਲ ਡਾ. ਇਕਬਾਲ ਸਿੰਘ ਨੂੰ ਯਾਦਗਾਰੀ ਚਿੰਨ੍ਹ ਭੇਟ ਕਰਦੇ ਹੋਏ ਅਤੇ ਦੂਜੀ ਤਸਵੀਰ ਵਿਚ ਡਾ. ਇਕਬਾਲ ਸਿੰਘ ਮੇਅਰ ਨੂੰ ਸਨਮਾਨ ਦਿੰਦੇ ਹੋਏ।

ਚੀਨ, 15 ਜੂਨ (ਅ.ਬ.)- ਯੂਨੈਸਕੋ ਵੱਲੋਂ ਸੰਸਾਰ ਵਿਰਾਸਤੀ ਸ਼ਹਿਰਾਂ ਦੀ ਸੂਚੀ ਵਿੱਚ ਸ਼ਾਮਲ ਚੀਨ ਦੇ ਸ਼ਹਿਰ ਸੂਜੋਹ ਵਿਖੇ ਸ਼ਹਿਰੀ ਨਵੀਨੀਕਰਨ ਅਤੇ ਸੱਭਿਆਚਾਰਕ ਤਰੱਕੀ ਲਈ ਇੱਕ ਵਿਸ਼ੇਸ਼ ਸਮਾਗਮ ਕਰਵਾਇਆ ਗਿਆ ਜਿਸ ਵਿਚ ਭਾਰਤ ਤੋਂ ਪੁਡੂਚੇਰੀ ਦੇ ਉਪ ਰਾਜਪਾਲ ਡਾ. ਇਕਬਾਲ ਸਿੰਘ ਅਤੇ ਪੁਡੂਚੇਰੀ ਦੇ ਸੈਰ ਸਪਾਟਾ ਬਾਰੇ ਮੰਤਰੀ ਸ੍ਰੀ ਮਲਾਡੀ ਕ੍ਰਿਸ਼ਨਾ ਰਾਓ ਨੇ ਵਿਸ਼ੇਸ਼ ਮਹਿਮਾਨਾਂ ਵਜੋਂ ਭਾਗ ਲਿਆ। ਇਹ ਸਮਾਗਮ ਸੂਜੋਹ ਸ਼ਹਿਰ, ਵਰਲਡ ਐਕਸਪੋ ਸੰਘਈ ਅਤੇ ਯੂਨੈਸਕੋ ਵੱਲੋਂ ਰਲ ਮਿਲ ਕੇ ਵਿਰਾਸਤੀ ਸ਼ਹਿਰਾਂ ਦੇ ਨਵੀਨੀਕਰਨ ਲਈ ਇਕ ਸਾਂਝੀ ਰਣਨੀਤੀ ਘੜਨ ਲਈ ਕਰਵਾਇਆ ਗਿਆ। ਇਤਿਹਾਸਕ ਸ਼ਹਿਰਾਂ ਦੇ ਇਸ ਸਮਾਗਮ ਵਿੱਚ ਦੁਨੀਆ ਦੇ 20 ਸ਼ਹਿਰਾਂ ਦੇ ਨੁਮਾਇੰਦੇ ਸ਼ਾਮਲ ਹੋਏ। ਇਸ ਸਮਾਗਮ ਦਾ ਮਕਸਦ ਵਿਰਾਸਤੀ ਸ਼ਹਿਰਾਂ ਦੇ ਸ਼ਹਿਰੀਕਰਨ ਅਤੇ ਵਿਕਾਸ ਸਮੇਂ ਦਰਪੇਸ਼ ਆ ਰਹੀਆਂ ਸਮੱਸਿਆਵਾਂ ਦੇ ਹੱਲ ਲਈ ਸਾਂਝਾ ਪਲੇਟਫਾਰਮ ਕਾਇਮ ਕਰਨਾ ਸੀ। ਇਸ ਮੌਕੇ 'ਤੇ ਪੁਡੂਚੇਰੀ ਦੇ ਉਪ ਰਾਜਪਾਲ ਅਤੇ ਸੈਰ ਸਪਾਟਾ ਮੰਤਰੀ ਸ੍ਰੀ ਰਾਓ ਨੂੰ ਸੂਜੋਹ ਸ਼ਹਿਰ ਦੇ ਮੇਅਰ ਵੱਲੋਂ ਨਿੱਘੀ ਜੀ ਆਇਆਂ ਆਖੀ ਗਈ। ਸਮਾਗਮ ਦੀ ਪ੍ਰਧਾਨਗੀ ਪੀਪਲਜ਼ ਰੀਪਬਲਿਕ ਆਫ਼ ਚਾਈਨਾ ਦੇ ਸੱਭਿਆਚਾਰਕ ਮੰਤਰੀ ਨੇ ਕੀਤੀ। ਸਮਾਗਮ 'ਚ ਸੰਘਈ ਦੇ ਮੇਅਰ ਅਤੇ ਯੂਨੈਸਕੋ ਦੇ ਡਿਪਟੀ ਡਾਇਰੈਕਟਰ ਜਨਰਲ ਸਮੇਤ ਕਈ ਅਹਿਮ ਹਸਤੀਆਂ ਹਾਜ਼ਰ ਸਨ।

ਪਿੰਡ ਮਹਿਤਾ ਵਿਖੇ ਸਰਪੰਚ ਮਜ਼ਦੂਰਾਂ ਨੂੰ ਜੌਬ ਕਾਰਡ ਦਿੰਦੇ ਹੋਏ। ਫੋਟੋ: ਯਾਦੂ

ਨਰੇਗਾ ਮਜ਼ਦੂਰਾਂ ਨੂੰ ਮਹਿਤਾ ਵਿਖੇ ਦਿਹਾੜੀ ਦੀ ਧਨ ਰਾਸ਼ੀ ਵੰਡੀ

ਤਪਾ ਮੰਡੀ, 15 ਜੂਨ (ਯਾਦੂ ਭੁੱਲਰ)- ਪਿੰਡ ਮਹਿਤਾ ਵਿਖੇ ਨਰੇਗਾ ਸਕੀਮ ਅਧੀਨ ਪਿੰਡ ਦੀ ਸਰਪੰਚ ਮੈਡਮ ਰਵਿੰਦਰਜੀਤ ਕੌਰ ਨੇ ਇਸ ਯੋਜਨਾ ਅਧੀਨ ਕੰਮ ਕਰ ਚੁੱਕੇ ਮਜ਼ਦੂਰਾਂ ਨੂੰ ਦਿਹਾੜੀ 123 ਰੁ. ਦੇ ਹਿਸਾਬ ਨਾਲ 26322 ਰੁ. 32 ਮਜ਼ਦੂਰਾਂ ਨੂੰ ਵੇਤਨ ਦਿੱਤਾ ਗਿਆ। ਇਸ ਤੋਂ ਇਲਾਵਾ ਸੱਤ ਦਰਜਨ ਦੇ ਕਰੀਬ ਨਰੇਗਾ ਮਜ਼ਦੂਰਾਂ ਦੇ ਜੌਬ ਕਾਰਡ ਮੌਕੇ ਪਿੰਡ ਦੀ ਪੰਚਾਇਤ ਨੇ ਮੰਗ ਕੀਤੀ ਕਿ ਨਰੇਗਾ ਦਿਹਾੜੀ ਨਵੇਂ ਸਕੇਲ ਦੇ ਅਨੁਸਾਰ ਦਿੱਤੀ ਜਾਣੀ ਚਾਹੀਦੀ ਸੀ, 123 ਰੁ ਤੋਂ ਬਾਅਦ ਇਹ ਦਿਹਾੜੀ 133. ਰੁ ਅਤੇ ਉਸ ਤੋਂ ਬਾਅਦ 142 ਰੁ. ਵੀ ਹੋ ਚੁੱਕੀ ਹੈ, ਪਰੰਤੂ ਪਿੰਡ ਮਹਿਤਾ ਦੇ ਮਜ਼ਦੂਰਾਂ ਨੂੰ ਪੰਜਾਬ ਸਰਕਾਰ ਨੇ ਅਜੇ ਵੀ 123 ਰੁ. ਪ੍ਰਤੀ ਦਿਹਾੜੀ ਦੇ ਹਿਸਾਬ ਨਾਲ ਹੀ ਮਜ਼ਦੂਰੀ ਦਿੱਤੀ ਹੈ। ਇਸ ਮੌਕੇ 'ਤੇ ਪੰਚ ਕੌਰ ਸਿੰਘ, ਪੰਚ ਦਰਸ਼ਨ ਸਿੰਘ, ਪੰਚ ਹਰਬੰਸ ਲਾਲ, ਪੰਚ ਭਗਵਾਨਪੁਰ, ਸਕੱਤਰ ਨਰੇਗਾ ਸੁਖਚੈਨ ਸਿੰਘ, ਪੰਚਾਇਤ ਸਕੱਤਰ ਮਹੇਸ਼ਇੰਦਰ ਸਿੰਘ ਆਦਿ ਹਾਜ਼ਰ ਸਨ।

ਮੀਟਿੰਗ 20 ਜੂਨ ਨੂੰ

ਸ੍ਰੀ ਮੁਕਤਸਰ ਸਾਹਿਬ, 15 ਜੂਨ (ਪ.ਪ.)- ਧਾਨਕ ਸਮਾਜ ਵਲੋਂ ਕਬੀਰ ਜੈਯੰਤੀ ਮਨਾਉਣ ਸੰਬਧੀ ਮੀਟਿੰਗ ਆਉਣ ਵਾਲੀ 20 ਜੂਨ ਐਤਵਾਰ ਨੂੰ ਸਥਾਨਕ ਧਾਨਕ ਸਮਾਜ ਧਰਮਸ਼ਾਲਾ ਵਿਖੇ ਸ਼ਾਮ ਨੂੰ 6 ਵਜੇ ਰੱਖੀ ਗਈ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪ੍ਰਧਾਨ ਲੇਖਰਾਜ ਨੇ ਦੱਸਿਆ ਕਿ ਮੀਟਿੰਗ ਦੌਰਾਨ ਕਬੀਰ ਜੈਯੰਤੀ ਮਨਾਉਣ ਲਈ ਵਿਚਾਰ-ਵਟਾਂਦਰਾ ਕੀਤਾ ਜਾਵੇਗਾ ਅਤੇ ਇਸ ਵਾਰ ਕਬੀਰ ਜੈਯੰਤੀ ਬੜੀ ਹੀ ਧੂਮ ਧਾਮ ਨਾਲ ਮਨਾਈ ਜਾਵੇਗੀ। ਇਸ ਮੌਕੇ 'ਤੇ ਪ੍ਰਧਾਨ ਲੇਖਰਾਜ ਤੋਂ ਇਲਾਵਾ ਐਡਵੋਕੇਟ ਕਰਨਵੀਰ ਸਿੰਘ ਇੰਦੌਰਾ, ਕ੍ਰਿਸ਼ਨ ਜਾਂਡ ਪ੍ਰਧਾਨ, ਪੂਰਨ ਚੰਦ, ਅਸ਼ੋਕ ਕੁਮਾਰ ਅਤੇ ਹੋਰ ਵੀ ਕਈ ਪਤਵੰਤੇ ਸੱਜਨ ਹਾਜ਼ਰ ਸਨ। ਉਨ੍ਹਾਂ ਸਮੂਹ ਧਾਨਕ ਬਿਰਾਦਰੀ ਨੂੰ ਅਪੀਲ ਕੀਤੀ ਕਿ ਉਹ ਇਸ ਮੀਟਿੰਗ 'ਤੇ ਸਮੇਂ ਸਿਰ ਪੁੱਜ ਜਾਣ।

ਅਮਲੋਹ, 15 ਜੂਨ (ਵਿਪਨ ਬਾਂਸਲ)- ਸਾਬਕਾ ਮੰਤਰੀ ਅਤੇ ਮੈਂਬਰ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਸ. ਦਲੀਪ ਸਿੰਘ ਪਾਂਧੀ ਨੇ ਦੱਸਿਆ ਕਿ 22 ਮਈ ਨੂੰ ਮਾਊਂਟ ਐਵਰੈਸਟ ਦੀ ਚੋਟੀ ਨੂੰ ਸਰ ਕਰਨ ਵਾਲੀ ਅਨੁਸੂਚਿਤ ਜਾਤੀਆਂ ਨਾਲ ਸਬੰਧਤ ਹਰਿਆਣਾ ਦੇ ਕੈਥਲ ਸ਼ਹਿਰ ਵਿੱਚ ਰਹਿਣ ਵਾਲੀ ਅਤੇ ਹਰਿਆਣਾ ਦੇ ਫਤਿਆਬਾਦ ਜ਼ਿਲ੍ਹੇ ਵਿੱਚ ਸਰੀਰਕ ਸਿੱਖਿਆ ਅਧਿਆਪਕ ਵਜੋਂ ਕੰਮ ਕਰਦੀ 30 ਸਾਲਾ ਲੜਕੀ ਮਮਤਾ ਸੋਢਾ ਨੂੰ ਪੰਜਾਬ ਸੱਭਿਆਚਾਰਕ ਅਤੇ ਸਪੋਰਟਸ ਕਲੱਬ ਅਮਲੋਹ ਵਲੋਂ 17 ਜੂਨ ਨੂੰ ਦੁਸਹਿਰਾ ਗਰਾਊਂਡ ਅਮਲੋਹ ਵਿਖੇ ਸਵੇਰੇ 11.00 ਵਜੇ ਇੱਕ ਵਿਸ਼ੇਸ ਸਮਾਗਮ ਆਯੋਜਿਤ ਕਰਕੇ ਸਨਮਾਨਿਤ ਕੀਤਾ ਜਾਵੇਗਾ।

ਟਰਾਂਸਪੋਰਟ ਦੀ ਸਮਾਂ ਸਾਰਣੀ ਵਿੱਚ ਮਨਮਾਨੀ ਖਿਲਾਫ਼ ਰੋਡਵੇਜ਼ ਆਗੂਆਂ ਵੱਲੋਂ ਚੱਕਾ ਜਾਮ

ਸ੍ਰੀ ਮੁਕਤਸਰ ਸਾਹਿਬ, 15 ਜੂਨ (ਬਲਜੀਤ ਸੰਧੂ/ਰਮਨ ਬਰਾੜ)-ਬਾਦਲ ਸਰਕਾਰ ਦੀਆਂ ਬੱਸਾਂ ਨੂੰ ਆਰਥਿਕ ਲਾਭ ਪਹੁੰਚਾਉਣ ਲਈ ਅਧਿਕਾਰੀਆਂ ਵੱਲੋਂ ਸਮਾਂ ਸਾਰਣੀ ਵਿੱਚ ਕੀਤੀ ਜਾ ਰਹੀ ਮਨਮਾਨੀ ਨਾਲ ਫੇਰ ਬਦਲ ਕਰਕੇ ਰੋਡਵੇਜ਼ ਨੂੰ ਨੁਕਸਾਨ ਪਹੁੰਚਾਉਣ ਦੇ ਖਿਲਾਫ਼ ਅੱਜ ਰੋਡਵੇਜ਼ ਕਾਮਿਆਂ ਨੇ ਰੋਹ ਭਰਪੂਰ ਰੈਲੀ ਕਰਕੇ ਬੱਸ ਅੱਡਾ ਤੇ ਜਾਮ ਕਰਕੇ ਅਕਾਲੀ ਭਾਜਪਾ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਖਿਲਾਫ਼ ਭਰਵੀ ਰੈਲੀ ਕੀਤੀ ਗਈ। ਬੱਸ ਅੱਡੇ ਤੇ ਕੀਤੀ ਗਈ ਰੋਹ ਭਰਪੂਰ ਰੈਲੀ ਨੂੰ ਸੰਬੋਧਨ ਕਰਦਿਆਂ ਆਗੂਆਂ ਨੇ ਕਿਹਾ ਕਿ ਟਰਾਂਸਪੋਰਟ ਮੰਤਰੀ ਤੋਂ ਲੈ ਕੇ ਰਾਜ ਦੀ ਸਾਰੀ ਅਫ਼ਸਰ ਸ਼ਾਹੀ ਬਾਦਲ ਪਰਿਵਾਰ ਦਾ ਥਾਪੜਾ ਹਾਸਿਲ ਕਰਨ ਲਈ ਉਨ੍ਹਾਂ ਦੀਆਂ ਬੱਸਾਂ ਨੂੰ ਵੱਧ ਤੋ ਵੱਧ ਲਾਭ ਪਹੁੰਚਾਉਣ ਤੇ ਰੋਡਵੇਜ਼ ਦੀਆਂ ਬੱਸਾਂ ਨੂੰ ਕੰਗਾਲ ਕਰਨ ਦੀ ਨੀਤੀ ਤੇ ਚੱਲ ਰਹੀ ਹੈ। ਜਿਸ ਦੇ ਚੱਲਦਿਆਂ ਬੱਸਾਂ ਦੇ ਟਾਇਮ ਟੇਬਲ ਵਿੱਚ ਬਾਦਲ ਪਰਿਵਾਰ ਦੇ ਇਸ਼ਾਰੇ ਤੇ ਹੀ ਤਿਆਰ ਕੀਤਾ ਜਾਂਦਾ ਹੈ। ਇਸੇ ਨੀਤੀ ਕਰਕੇ ਬਾਦਲ ਪਰਿਵਾਰ ਦੀਆਂ ਬੱਸਾਂ ਪੰਜਾਬ ਦੇ ਸਾਰੇ ਕਮਾਊ ਰੂਟਾਂ ਤੇ ਕਬਜਾ ਕਰ ਰਹੀਆਂ ਹਨ। ਆਗੂਆਂ ਨੇ ਆਖਿਆਂ ਕਿ ਡੀਪੂ ਮੈਨੇਜਰ ਨੇ ਔਰਬਿਟ ਕੰਪਨੀ ਦੀਆਂ ਬੱਸਾਂ ਨੂੰ ਸਭ ਤੋਂ ਚੰਗੇ ਰੂਟ ਦੇ ਰੱਖੇ ਹਨ ਤੇ ਹੁਣ ਮਲੋਟ ਡਬਵਾਲੀ ਰੂਟ ਤੇ ਜਲੰਧਰ ਰੂਟ ਤੇ ਰੋਡਵੇਜ਼ ਤੋਂ ਪਹਿਲਾ ਇਸ ਕੰਪਨੀ ਦੇ ਟਾਇਮ ਪਹਿਲਾ ਲਾ ਦਿੱਤੇ ਗਏ ਹਨ। ਉਨ੍ਹਾਂ ਆਖਿਆ ਕਿ ਹਰ ਰੋਜ਼ ਆਪਣੀ ਮਰਜ਼ੀ ਨਾਲ ਟਾਇਮ ਟੇਬਲ ਬਦਲ ਕੇ ਕਥਿਤ ਰੂਪ 'ਚ ਵੱਧ ਕਮਾਈ ਕਰਨ ਵਾਲੇ ਰੂਟਾਂ ਤੇ ਬਾਦਲ ਪਰਿਵਾਰ ਦੀਆਂ ਬੱਸਾਂ ਦੇ ਟਾਇਮ ਪਾ ਦਿੱਤੇ ਜਾਂਦੇ ਹਨ। ਉਨਾਂ ਆਖਿਆ ਹਾਕਮ ਪਰਿਵਾਰ ਦੇ ਰਾਜ ਸੱਤਾ ਵਿੱਚ ਹੋਣ ਕਰਕੇ ਇਸ ਕੰਪਨੀ ਦੀਆਂ ਬੱਸਾਂ ਨੇ ਰੋਡਵੇਜ਼ ਦੀਆਂ ਬੱਸਾਂ ਦਾ ਚੱਲਣਾ ਮੁਸ਼ਕਲ ਕਰ ਦਿੱਤਾ ਹੈ। ਰੋਡਵੇਜ਼ ਮੁਲਾਜ਼ਮ ਆਗੂਆਂ ਨੇ ਅਕਾਲੀ ਭਾਜਪਾ ਸਰਕਾਰ ਦੀ ਨਿੱਜੀ ਅਦਾਰਿਆਂ ਨੂੰ ਪਹਿਲ ਦੇਣ ਦੀ ਨੀਤੀ ਦੀ ਅਲੋਚਨਾ ਕੀਤੀ। ਇਸ ਮੌਕੇ ਤੇ ਯੂਨੀਅਨ ਦੇ ਆਗੂ ਕੇਵਲ ਸਿੰਘ, ਪੰਜਾਬ ਰੋਡਵੇਜ਼ ਏਟਕ ਦੇ ਆਗੂ ਅੰਗਰੇਜ਼ ਸਿੰਘ, ਕੰਡਕਟਰ ਯੂਨੀਅਨ ਦੇ ਆਗੂ ਦੇ ਜਨਰਲ ਸਕੱਤਰ ਬਲਤੇਜ ਸਿੰਘ, ਰੋਡਵੇਜ਼ ਇੰਪਲਾਈਜ ਯੂਨੀਅਨ (ਆਜਾਦ) ਦੇ ਬ੍ਰਾਂਚ ਪ੍ਰਧਾਨ ਨਛੱਤਰ ਸਿੰਘ ਜੈਤੋਂ, ਕਰਮਚਾਰੀ ਦਲ ਦੇ ਪ੍ਰਧਾਨ ਸਰਜੀਤ ਮਹਿੰਦਰ ਸਿੰਘ ਸਮਾਘ, ਇੰਟਕ ਦੇ ਆਗੂ ਪਰਮਜੀਤ ਸਿੰਘ ਤੇ ਸ਼ਡਿਊਲ ਕਾਸਟ ਯੂਨੀਅਨ ਦੇ ਆਗੂ ਬਖਤੌਰ ਸਿੰਘ ਨੇ ਰੈਲੀ ਨੂੰ ਸੰਬੋਧਨ ਕਰਦਿਆਂ ਰੋਡਵੇਜ਼, ਸਿਹਤ ਅਤੇ ਸਿੱਖਿਆਂ ਵਰਗੇ ਜਤਕ ਅਦਾਰਿਆਂ ਨੂੰ ਫ਼ਲਾਪ ਕਰਨ ਦੀ ਨੀਤੀ ਦੀ ਕਰੜੀ ਅਲੋਚਨਾ ਕਰਦਿਆਂ ਆਖਿਆ ਕਿ ਇਸ ਦੇ ਖਿਲਾਫ਼ ਤਿੱਖਾ ਸੰਘਰਸ਼ ਛੇੜਿਆ ਜਾਵੇਗਾ। ਮੁਲਾਜ਼ਮ ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਸਮਾਂ ਸਾਰਣੀ ਵਿੱਚ ਆਪਣੀ ਚਹੇਤੀ ਕੰਪਨੀ ਦੀਆਂ ਬੱਸਾਂ ਨੂੰ ਦਿੱਤੇ ਗਏ ਮਨ ਮਰਜ਼ੀ ਦੇ ਰੂਟ ਰੱਦ ਨਾ ਕੀਤੇ ਗਏ ਤਾਂ ਇਸ ਦੇ ਖਿਲਾਫ਼ ਵੱਡਾ ਸੰਘਰਸ਼ ਛੇੜਿਆ ਜਾਵੇਗਾ। ਰੋਡਵੇਜ਼ ਕਾਮਿਆਂ ਵੱਲੋਂ ਬੱਸ ਅੱਡਾ ਜਾਮ ਕਰਨ ਤੇ ਕੋਈ ਬੱਸ ਅੱਡੇ ਦੇ ਅੰਦਰ ਨਹੀ ਆ ਸਕੀ ਤੇ ਨਾ ਹੀ ਕੋਈ ਬੱਸ ਅੱਡੇ ਤੋਂ ਬਾਹਰ ਜਾ ਸਕੀ ਅਤੇ ਜਿਸ ਕਾਰਨ ਦੂਰ ਦੁਰਾਡੇ ਜਾਣ ਵਾਲੀਆਂ ਸਵਾਰੀਆਂ ਨੂੰ ਸਖ਼ਤ ਪਰੇਸ਼ਾਨੀ ਦਾ ਸਾਹਮਣਾ ਕਰਨਾ

ਪੰਜਾਬ ਸਰਕਾਰ ਖਿਲਾਫ਼ ਬੱਸ ਅੱਡੇ ਤੇ ਇਕੱਤਰਤ ਹੋਏ ਰੋਡਵੇਜ਼ ਦੇ ਮੁਲਾਜ਼ਮ ਚੱਕਾ ਜਾਮ ਕਰਕੇ ਨਾਅਰੇਬਾਜ਼ੀ ਕਰਦੇ ਹੋਏ। ਤਸਵੀਰ: ਸੁੱਖਦੀਪ ਸਿੰਘ ਗਿੱਲ

ਟਰੱਕ ਅਪਰੇਟਰਾਂ ਨੂੰ ਕਣਕ ਦੇ ਸੀਜ਼ਨ ਦੀ ਰਾਸ਼ੀ ਵੰਡੀ

ਭਦੌੜ, 15 ਜੂਨ (ਸੁਰਿੰਦਰ ਬੱਤਾ)- ਸਹਿਣਾ-ਭਦੌੜ ਟਰੱਕ ਯੂਨੀਅਨ ਦੀ ਪ੍ਰਬੰਧਕ ਕਮੇਟੀ ਵੱਲੋਂ ਕਣਕ ਦੇ ਸੀਜ਼ਨ ਦੀ ਡੇਢ ਕਰੋੜ ਰੁਪਏ ਰਾਸ਼ੀ ਟਰੱਕ ਅਪਰੇਟਰਾਂ ਵਿਚ ਵੰਡੀ ਗਈ। ਟਰੱਕ ਯੂਨੀਅਨ ਦੇ ਪ੍ਰਧਾਨ ਬੀਰਇੰਦਰ ਸਿੰਘ ਜੈਲਦਾਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਹਰ ਸੀਜ਼ਨ ਦੀ ਅਦਾਇਗੀ ਬਿਨਾਂ ਕਿਸੇ ਭੇਦਭਾਵ ਤੋਂ ਟਰੱਕ ਅਪਰੇਟਰਾਂ ਵਿੱਚ ਵੰਡੀ ਜਾ ਰਹੀ ਹੈ ਜੇਕਰ ਫਿਰ ਵੀ ਕਿਸੇ ਅਪਰੇਟਰ ਨੂੰ ਗਿਲਾ ਸ਼ਿਕਵਾ ਹੋਵੇਗਾ ਤਾਂ ਉਹ ਮੈਨੂੰ ਮਿਲ ਕੇ ਦੂਰ ਕਰ ਸਕਦਾ ਹੈ। ਇਸ ਮੌਕੇ ਮੁਨਸ਼ੀ ਇੰਦਰਜੀਤ ਸਿੰਘ, ਖਜਾਨਚੀ ਬਲਜੀਤ ਸਿੰਘ ਪੱਪੂ, ਕਮੇਟੀ ਮੈਂਬਰ ਹਰਦੀਪ ਸਿੰਘ, ਮੁਕੰਦ ਸਿੰਘ, ਦਰਸ਼ਨ ਸਿੰਘ, ਪਿਆਰਾ ਸਿੰਘ, ਮਲਕੀਤ ਸਿੰਘ, ਦੇਣ ਸਿੰਘ, ਨੈਬ ਸਿੰਘ, ਕਾਲਾ ਸਿੰਘ, ਅਵਤਾਰ ਸਿੰਘ, ਜੰਗ ਸਿੰਘ, ਸੁਖਵਿੰਦਰ ਸਿੰਘ ਆਦਿ ਹਾਜ਼ਰ ਸਨ।

ਸੁਖਮਨੀ ਸਾਹਿਬ ਦੇ ਭੋਗ ਉਪਰੰਤ ਛਬੀਲ ਲਗਾਈ

ਗੁਰਦੁਆਰਾ ਬਾਬਾ ਨਾਮਦੇਵ ਦੀ ਧਰਮਸ਼ਾਲਾ ਵਿਖੇ ਕੀਰਤਨ ਦਾ ਆਨੰਦ ਮਾਣਦੀਆਂ ਸੰਗਤਾਂ। ਨਾਲ ਦੀ ਤਸਵੀਰ ਵਿਚ ਵਾਰਡ ਨੰ. 19 ਦੇ ਐਮ ਸੀ ਮਨਦੀਪ ਕੌਰ ਨੂੰ ਸਨਮਾਨਿਤ ਕਰਦੇ ਹੋਏ ਸੁਖਮਨੀ ਸੁਸਾਇਟੀ ਦੇ ਮੈਂਬਰ।

ਬਠਿੰਡਾ, 15 ਜੂਨ (ਬਸੰਤ ਸਿੰਘ ਅਗਰੋਈਆ)- ਗੁਰਦੁਆਰਾ ਬਾਬਾ ਨਾਮਦੇਵ ਜੀ ਦੀ ਧਰਮਸ਼ਾਲਾ ਵਿਖੇ ਪਿਛਲੇ 10 ਸਾਲਾਂ ਤੋਂ ਬਣਾਈ ਸੁਖਮਨੀ ਸਾਹਿਬ_ਸਾਇਟੀ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਪੰਜਵੇਂ ਪਾਤਸ਼ਾਹ ਧੰਨ-ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੇ ਸ਼ਹੀਦੀ ਗੁਰਪੁਰਬ ਨੂੰ ਮੁੱਖ ਰੱਖਦਿਆਂ ਸੁਖਮਨੀ ਸੁਸਾਇਟੀ ਵੱਲੋਂ ਕਈ ਦਿਨਾਂ ਤੋਂ ਆਰੰਭ ਕੀਤੇ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ ਗਏ ਅਤੇ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ ਗਈ। ਸੁਖਮਨੀ ਸਾਹਿਬ ਸੁਸਾਇਟੀ ਦੇ ਮੁੱਖ ਸੇਵਾਦਾਰ ਬੀਬੀ ਬਲਵਿੰਦਰ ਕੌਰ ਨੇ ਦੱਸਿਆ ਕਿ ਇਸ ਸੁਸਾਇਟੀ ਵੱਲੋਂ ਗਰੀਬ ਪਰਿਵਾਰਾਂ ਦੀਆਂ ਲੜਕੀਆਂ ਦੀਆਂ ਸ਼ਾਦੀਆਂ ਕੀਤੀਆਂ ਜਾਂਦੀਆਂ ਹਨ ਅਤੇ ਗਰੀਬ ਪਰਿਵਾਰਾਂ ਦੀ ਮੱਦਦ ਕੀਤੀ ਜਾਂਦੀ ਹੈ। ਇਸ ਮੌਕੇ 'ਤੇ ਵਾਰਡ ਨੰਬਰ 19 ਦੀ ਐਮ.ਸੀ. ਮਨਦੀਪ ਕੌਰ ਅਗਰੋਈਆ ਤੋਂ ਇਲਾਵਾ ਉਨ੍ਹਾਂ ਬੀਬੀਆਂ ਨੂੰ ਸਨਮਾਨਿਤ ਕੀਤਾ ਜਿਨ੍ਹਾਂ ਨੇ ਪਿਛਲੇ 43 ਦਿਨਾਂ ਤੋਂ ਲਗਾਤਾਰ ਗੁਰਦੁਆਰਾ ਸਾਹਿਬ ਜਾ ਕੇ ਪਾਠਾਂ ਦੀ ਸੇਵਾ ਕੀਤੀ। ਇਸ ਤੋਂ ਇਲਾਵਾ ਉਨ੍ਹਾਂ ਬੱਚਿਆਂ ਨੂੰ ਸਨਮਾਨਿਤ ਵੀ ਕੀਤਾ ਜਿਨ੍ਹਾਂ ਨੇ ਸੁਸਾਇਟੀ ਨੂੰ ਸਹਿਯੋਗ ਦਿੱਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬੀਬੀ ਮਨਜੀਤ ਕੌਰ, ਬੀਬੀ ਚਰਨਜੀਤ ਕੌਰ, ਬੀਬੀ ਗੁਰਦਿਆਆ ਕੌਰ, ਬੀਬੀ ਹਰਮਿੰਦਰ ਕੌਰ, ਬੀਬੀ ਗੁਰਪ੍ਰੀਤ ਕੌਰ ਤੋਂ ਇਲਾਵਾ ਬੀਬੀ ਮਹਿੰਦਰ ਕੌਰ ਵੀ ਮੌਜੂਦ ਸਨ।